ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ ਲਿਮਟਿਡ, ਚੰਡੀਗੜ੍ਹ।

**ਦਫਤਰੀ ਹੁਕਮ**

ਨੰ:ਪਲਉਨਿਨਿ/ਸ-6/4349-55

ਮਿਤੀ 23/6/2020

1 ਸਮੂਹ ਫੰਕਸ਼ਨਲ ਮੁੱਖੀ/ ਮੁੱਖ ਦਫਤਰ।

2 ਸਮੂਹ ਅਫਸਰ/ ਸ਼ਾਖਾ ਅਫਸਰ, ਮੁੱਖ ਦਫਤਰ ਅਤੇ ਫੀਲਡ ਦਫਤਰ।

3 ਸਮੂਹ ਸੇਲਜ ਮੈਨੇਜਰ/ ਡਿਪੂ ਮੈਨੇਜਰ/ ਬਰਾਂਚ ਮੈਨੇਜਰ/ ਸੇਲਜ ਕੁਆਰਡੀਨੇਟਰ, ਹੁਸ਼ਿਆਰਪੁਰ।

4 ਸਮੂਹ ਐਸ.ਡੀ.ਈ।

5 ਨਿੱਜੀ ਸਕੱਤਰ-ਪ੍ਰਬੰਧਕ ਨਿਰਦੇਸ਼ਕ।

**ਵਿਸ਼ਾ:- ਸਾਲ 2020-2021 ਦੌਰਾਨ ਦਰਜਾ-4 ਕਰਮਚਾਰੀਆਂ ਨੂੰ ਕਣਕ ਖਰੀਦਣ ਲਈ ਵਿਆਜ ਰਹਿਤ ਕਰਜਾ ਦੇਣ ਬਾਰੇ।**

ਮੈਨੇਜਮੈਂਟ ਵਲੋਂ ਨਿਗਮ ਦੇ ਦਰਜਾ-4 ਕਰਮਚਾਰੀਆਂ (ਦਿਹਾੜੀਦਾਰ, ਵਰਕਚਾਰਜ ਕਰਮਚਾਰੀ ਆਦਿ ਇਸ ਫੈਸਲੇ ਅਧੀਨ ਨਹੀਂ ਆਉਣਗੇ) ਨੂੰ ਹੇਠ ਲਿਖਿਆਂ ਸ਼ਰਤਾਂ ਦੇ ਅਧਾਰ ਤੇ ਕਣਕ ਖਰੀਦਣ ਲਈ ਰੁ:7500/- (ਸੱਤ ਹਜਾਰ ਪੰਜ ਸੌ ਸਿਰਫ) ਵਿਆਜ ਰਹਿਤ ਕਰਜ ਦੇਣ ਦਾ ਫੈਸਲਾ ਕੀਤਾ ਗਿਆ ਹੈ:-

1. ਇਹ ਕਰਜਾ ਸਿਰਫ ਰੈਗੂਲਰ ਗਰੁੱਪ-ਡੀ (ਦਰਜਾ-4) ਕਰਮਚਾਰੀਆਂ ਨੂੰ ਹੀ ਮਿਲੇਗਾ।
2. ਇਹ ਕਰਜਾ ਲੈਣ ਵਾਸਤੇ ਬੇਨਤੀ ਪੱਤਰ ਦੇਣ ਦੀ ਮਿਤੀ 30.06.2020 ਤੱਕ ਹੈ।
3. ਕਰਜਾ ਲੈਣ ਵਾਲੇ ਕਰਮਚਾਰੀ ਨੂੰ ਕਰਜਾ ਲੈਣ ਦੀ ਮਿਤੀ ਤੋਂ ਇਕ ਮਹੀਨੇ ਦੇ ਅੰਦਰ-ਅੰਦਰ ਕਣਕ ਖਰੀਦੇ ਜਾਣ ਦੀ ਰਸੀਦ ਸਬੂਤ ਵਜੋਂ ਪੇਸ਼ ਕਰਨੀ ਪਵੇਗੀ। ਦਿੱਤੇ ਕਰਜੇ ਤੋਂ ਘੱਟ ਰਕਮ ਵਰਤੇ ਜਾਣ ਦੀ ਸੂਰਤ ਵਿੱਚ ਬਾਕੀ ਬਕਾਇਆ ਰਕਮ ਕਰਮਚਾਰੀ ਨੂੰ ਰਸੀਦ ਪੇਸ ਕਰਨ ਤੋਂ ਤੁਰੰਤ ਬਾਅਦ ਜਮ੍ਹਾਂ ਕਰਵਾਉਣੀ ਪਵੇਗੀ।
4. ਵਿਆਜ ਰਹਿਤ ਕਰਜਾ 8 ਬਰਾਬਰ ਕਿਸ਼ਤਾਂ ਵਿੱਚ ਵਸੂਲਿਆ ਜਾਵੇਗਾ ਅਤੇ ਇਹ ਵਸੂਲੀ ਜੁਲਾਈ 2020 ਦੀ ਤਨਖਾਹ ਵਿਚੋਂ ਕੱਟਣੀ ਸ਼ੁਰੂ ਹੋਵੇਗੀ।
5. ਇਸ ਕਰਜੇ ਦੀ ਰਕਮ ਮਿਤੀ 07.07.2020 ਤੱਕ ਕਢਵਾਈ ਜਾ ਸਕੇਗੀ।

ਇਕ ਪਰਿਵਾਰ ਦੇ ਇੱਕ ਤੋਂ ਵੱਧ ਮੈਂਬਰਾਂ ਦਾ ਪੰਜਾਬ ਸਰਕਾਰ/ ਨਿਗਮ ਵਿੱਚ ਹੋਣ ਦੀ ਸੂਰਤ ਵਿੱਚ ਸਿਰਫ ਇੱਕ ਮੈਂਬਰ ਨੂੰ ਹੀ ਕਰਜਾ ਦਿੱਤਾ ਜਾਵੇਗਾ।

ਕਰਜੇ ਲਈ ਬੇਨਤੀ ਨਾਲ ਨੱਥੀ ਪ੍ਰਫਾਰਮੇ ਵਿੱਚ ਭਰ ਕੇ ਤੁਰੰਤ ਭੇਜੀਆ ਜਾਣ।

ਪ੍ਰਬੰਧਕ (ਪ੍ਰਸੋਨਲ)

ਕਾਪੀ:- 1. ਇੰਚਾਰਜ,ਆਈ.ਟੀ.: ਨਿਗਮ ਦੀ ਵੈਬ ਸਾਇਟ ਤੇ ਅਪ ਲੋਡ ਕਰਨ ਲਈ

2. ਨੋਟਿਸ ਬੋਰਡ

ਸਾਲ 2020-21 ਕਣਕ ਲਈ ਕਰਜਾ ਲੈਣ ਲਈ ਬੇਨਤੀ ਪੱਤਰ

1. ਬਿਨੈਕਾਰ ਦਾ ਨਾਂ ---------------------------------------------------------

2. ਪਿਤਾ/ਪਤੀ ਦਾ ਨਾਂ ---------------------------------------------------------

3. ਅਹੁੱਦਾ ---------------------------------------------------------

4. ਮੌਜੂਦਾ ਨਿਯੁੱਕਤੀ ਦੀ ਥਾਂ ---------------------------------------------------------

5. ਫੋਨ ਨੰਬਰ ---------------------------------------------------------

6. ਮੰਗੀ ਗਈ ਰਕਮ ---------------------------------------------------------

ਹਸਤਾਖਰ

## ਸਰਟੀਫਿਕੇਟ

ਇਹ ਤਸਦੀਕ ਕੀਤਾ ਜਾਂਦਾ ਹੈ ਕਿ ਸ੍ਰੀ/ਸ੍ਰੀਮਤੀ----------------------------- ਜੋ ਕਿ ਮੇਰੀ ਪਤਨੀ/ਪਤੀ/ਪਰਿਵਾਰ ਦਾ ਮੈਂਬਰ ਹੈ ਤੇ ਮੇਰੇ ਕੋਲ ਰਹਿ ਰਿਹਾ ਹੈ-----------------------------------------------------------------ਮਹਿਕਮੇ ਵਿੱਚ ਕੰਮ ਕਰ ਰਿਹਾ ਹੈ, ਨੇ ਸਾਲ 2019-20 ਦੌਰਾਨ ਕਣਕ ਦੇ ਕਰਜੇ ਲਈ ਅਰਜੀ ਨਹੀਂ ਦਿੱਤੀ।

ਕਰਮਚਾਰੀ ਦੇ ਹਸਤਾਖਰ---------------

## ਸਰਟੀਫਿਕੇਟ

ਇਹ ਤਸਦੀਕ ਕੀਤਾ ਜਾਂਦਾ ਹੈ ਕਿ ਮੇਰੀ ਪਤਨੀ/ਪਤੀ/ਪਰਿਵਾਰ ਦਾ ਮੈਂਬਰ ਹੈ, ਜੋ ਕਿ ਮੇਰੇ ਨਾਲ ਰਹਿ ਰਿਹਾ ਹੈ, ਪੰਜਾਬ ਸਰਕਾਰ ਦਾ ਮੁਲਾਜਮ ਨਹੀ ਹੈ।

ਕਰਮਚਾਰੀ ਦੇ ਹਸਤਾਖਰ---------------